Education Quality and Accountability Office EQAO

Office de la qualité et de la responsabilité en éducation OQRE

# ਮਾਪਿਆਂ ਲਈ ਸਵਾਲ ਅਤੇ ਜਵਾਬ

**ਗ੍ਰੇਡ 3**

## 1. ਗ੍ਰੇਡ 3 ਦੇ ਅਸੈਸਮੈਂਟ ਲਈ ਕੀ ਕੀ ਟੈਸਟ ਕੀਤਾ ਜਾਂਦਾ ਹੈ?

ਗ੍ਰੇਡ 3 ਦੇ ਅਸੈਸਮੈਂਟ ਲਈ ਪੜ੍ਹਨ, ਲਿਖਣ ਅਤੇ ਹਿਸਾਬ ਵਿੱਚ ਹਾਸਲ ਕੀਤੀ ਉਸ ਕੁਸ਼ਲਤਾ ਦਾ ਮੁਲਾਂਕਣ ਕੀਤਾ ਜਾਂਦਾ ਹੈ, ਜਿਸ ਦੀ *ਓਨਟਾਰੀਓ ਪਾਠਕ੍ਰਮ (The Ontario Curriculum)* ਅਨੁਸਾਰ ਵਿਦਿਆਰਥੀਆਂ ਦੁਆਰਾ ਪ੍ਰਾਇਮਰੀ ਡਿਵੀਜ਼ਨ ਦੇ ਅਖ਼ੀਰ ਤੱਕ ਪ੍ਰਾਪਤੀ ਦੀ ਉਮੀਦ ਕੀਤੀ ਜਾਂਦੀ ਹੈ।

## 2. ਗ੍ਰੇਡ 3 ਦਾ EQAO ਅਸੈਸਮੈਂਟ ਉਨ੍ਹਾਂ ਟੈਸਟਾਂ ਤੋਂ ਕਿਸ ਤਰ੍ਹਾਂ ਭਿੰਨ ਹੈ, ਜਿਹੜਾ ਮੇਰਾ ਬੱਚਾ ਕਲਾਸ ਵਿੱਚ ਪਹਿਲਾਂ ਤੋਂ ਹੀ ਲਿਖਦਾ ਹੈ?

ਕਲਾਸ ਰੂਮ ਟੈਸਟਾਂ ਅਤੇ EQAO ਟੈਸਟਾਂ ਦੇ ਵੱਖ ਵੱਖ ਟੀਚੇ ਹਨ ਅਤੇ ਉਹ ਵੱਖ ਵੱਖ ਤਰ੍ਹਾਂ ਦੀ ਜਾਣਕਾਰੀ ਉਪਲਬਧ ਕਰਦੇ ਹਨ।

**ਕਲਾਸ ਰੂਮ ਟੈਸਟ**

- ਇਹ ਮੁਲਾਂਕਣ ਕਰਦੇ ਹਨ ਕਿ ਵਿਦਿਆਰਥੀ ਨੇ ਸਕੂਲ ਦੇ ਇਕ ਵਿਸ਼ੇਸ਼ ਸਾਲ ਦੇ ਸਾਰੇ ਸਮੇਂ ਦੌਰਾਨ ਵਿਸ਼ੇਸ਼ ਜਾਣਕਾਰੀ ਕਿੰਨੀ ਚੰਗੀ ਤਰ੍ਹਾਂ ਪ੍ਰਾਪਤ ਕੀਤੀ ਹੈ;
- ਵਿਦਿਆਰਥੀਆਂ ਦੀ ਸਿੱਖਿਆ ਅਤੇ ਹਾਸਲ ਕੀਤੇ ਗਿਆਨ ਬਾਰੇ ਫੌਰਨ ਜਾਣਕਾਰੀ ਉਪਲਬਧ ਕਰਦੇ ਹਨ ਜਿਸ ਨੂੰ ਅਧਿਆਪਕ ਆਪਣੇ ਕਲਾਸ ਰੂਮ ਵਿੱਚ ਸਿੱਖਿਆ ਦੇਣ ਦੇ ਆਪਣੇ ਢੰਗ ਤਰੀਕਿਆਂ ਵਿੱਚ ਤਬਦੀਲੀ ਕਰਨ ਲਈ ਇਸਤੇਮਾਲ ਕਰ ਸਕਦੇ ਹਨ;
- ਅਧਿਆਪਕ ਆਪਣੇ ਆਪ ਤਿਆਰ ਕਰਕੇ ਵਿਦਿਆਰਥੀਆਂ ਨੂੰ ਦੇਣ ਦਾ ਪ੍ਰਬੰਧ ਕਰਦੇ ਹਨ ਅਤੇ ਸੁਤੰਤਰ ਤੌਰ 'ਤੇ ਨੰਬਰ ਦੇਂਦੇ ਹਨ, ਇਸ ਕਾਰਨ ਇਸ ਅਮਲ ਵਿੱਚ ਅਧਿਆਪਕਾਂ ਦੀ ਵਿਦਿਆਰਥੀਆਂ ਬਾਰੇ ਨਿੱਜੀ ਜਾਣਕਾਰੀ ਦਾ ਪ੍ਰਭਾਵ ਗਰੇਡਿੰਗ ਸਮੇਂ ਸ਼ਾਮਲ ਹੋ ਸਕਦੇ ਹਨ ਅਤੇ
- ਅਜਿਹੇ ਨਤੀਜੇ ਉਪਲਬਧ ਕਰਦੇ ਹਨ, ਜਿਨ੍ਹਾਂ ਦਾ ਸਕੂਲ, ਬੋਰਡ ਜਾਂ ਸੂਬੇ ਦੇ ਨਤੀਜਿਆਂ ਨਾਲ ਮੁਕਾਬਲਾ ਨਾ ਕੀਤਾ ਜਾ ਸਕਦਾ ਹੋਵੇ।

**EQAO ਅਸੈਸਮੈਂਟ**

- ਸੂਬਾਈ ਮਾਪਦੰਡ ਅਨੁਸਾਰ, ਵਿਦਿਆਰਥੀਆਂ ਦੀ ਸਿੱਖਿਆ ਦੇ ਅਹਿਮ ਪੜਾਵਾਂ ਤੇ ਉਨ੍ਹਾਂ ਵੱਲੋਂ ਹਾਸਲ ਸਮੁੱਚੇ ਗਿਆਨ ਅਤੇ ਕੁਸ਼ਲਤਾਵਾਂ ਦਾ ਮੁਲਾਂਕਣ ਕਰਦੇ ਹਨ;
- ਵਿਦਿਆਰਥੀਆਂ ਦੀ ਸਿੱਖਿਆ ਅਤੇ ਪੜ੍ਹਾਈ ਬਾਰੇ ਸਾਲਾਨਾ ਜਾਣਕਾਰੀ ਉਪਲਬਧ ਕਰਦੇ ਹਨ, ਜਿਸ ਨੂੰ ਅਧਿਆਪਕ, ਸਕੂਲ, ਸਕੂਲ ਬੋਰਡ ਅਤੇ ਸੂਬਾ (ਪ੍ਰੋਵਿੰਸ), ਪ੍ਰਗਤੀ ਤੇ ਨਿਗਰਾਨੀ ਰੱਖਣ ਲਈ ਅਤੇ ਹੋਰ ਬਿਹਤਰ ਕਰਨ ਲਈ ਯੋਜਨਾ ਬਣਾਉਣ ਲਈ ਇਸਤੇਮਾਲ ਕਰ ਸਕਦੇ ਹਨ;
- ਓਨਟਾਰੀਓ ਦੇ ਅਧਿਆਪਕਾਂ ਵੱਲੋਂ ਤਿਆਰ ਅਤੇ ਪ੍ਰਬੰਧਿਤ ਕੀਤੇ ਜਾਂਦੇ ਹਨ;
- ਓਨਟਾਰੀਓ ਦੇ ਅਧਿਆਪਕਾਂ ਅਤੇ ਹੋਰ ਯੋਗਤਾ ਪ੍ਰਾਪਤ ਵਿਅਕਤੀਆਂ ਜਿਨ੍ਹਾਂ ਨੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ ਹੁੰਦੀ ਹੈ, ਵੱਲੋਂ ਇਨ੍ਹਾਂ ਟੈਸਟਾਂ ਦੇ ਅੰਕ ਅਨੁਕੂਲਤਾ ਅਤੇ ਨਿਰਪੱਖਤਾ ਨਾਲ ਦਿੱਤੇ ਜਾਂਦੇ ਹਨ ਅਤੇ

- ਅਜਿਹੇ ਨਤੀਜੇ ਉਪਲਬਧ ਕਰਦੇ ਹਨ ਜਿਨ੍ਹਾਂ ਦਾ ਸਾਲ ਦਰ ਸਾਲ ਸਕੂਲ, ਬੋਰਡ ਅਤੇ ਸੂਬਾ ਪੱਧਰ ਤੇ ਮੁਕਾਬਲਾ ਕੀਤਾ ਜਾ ਸਕਦਾ ਹੈ।

### 3. ਕੀ ਗ੍ਰੇਡ 3 ਦੇ ਅਸੈਸਮੈਂਟ ਵਿੱਚ ਸਾਰੇ ਵਿਦਿਆਰਥੀਆਂ ਦਾ ਹਿੱਸਾ ਲੈਣਾ ਜ਼ਰੂਰੀ ਹੁੰਦਾ ਹੈ?

ਸੂਬਾਈ ਟੈਸਟ, ਓਨਟਾਰੀਓ ਦੇ ਸਰਕਾਰੀ ਸਿੱਖਿਆ ਪ੍ਰੋਗਰਾਮ ਦਾ ਹਿੱਸਾ ਹਨ। ਗ੍ਰੇਡ 3 ਦੇ ਸਾਰੇ ਉਹ ਵਿਦਿਆਰਥੀ ਜੋ ਸਰਕਾਰੀ ਫੰਡ ਪ੍ਰਾਪਤ ਸਕੂਲਾਂ ਵਿੱਚ ਹਨ ਅਤੇ *ਓਨਟਾਰੀਓ ਪਾਠਕ੍ਰਮ* ਅਨੁਸਾਰ ਪੜ੍ਹਾਈ ਕਰ ਰਹੇ ਹਨ ਉਨ੍ਹਾਂ ਲਈ *ਸਿੱਖਿਆ ਗੁਣਵੱਤਾ ਅਤੇ ਜਵਾਬਦੇਹੀ ਆਫ਼ਿਸ ਐਕਟ (The Education Quality and Accountability Office Act)* ਅਨੁਸਾਰ ਗ੍ਰੇਡ 3 ਦਾ ਅਸੈਸਮੈਂਟ ਲਿਖਣਾ ਜ਼ਰੂਰੀ ਹੈ।

### 4. ਸਿੱਖਿਆ ਦੀਆਂ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਨੂੰ ਗ੍ਰੇਡ 3 ਦੇ ਅਸੈਸਮੈਂਟ ਲਈ ਕਿਸ ਤਰ੍ਹਾਂ ਸਹਾਇਤਾ ਦਿੱਤੀ ਜਾਂਦੀ ਹੈ?

ਸਿੱਖਿਆ ਦੀਆਂ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀ ਜੋ ਵਿਅਕਤੀਗਤ ਸਿੱਖਿਆ ਯੋਜਨਾ (Individual Education Plan – IEP) ਵਿੱਚ ਹਨ, ਉਨ੍ਹਾਂ ਨੂੰ ਗ੍ਰੇਡ 3 ਦੇ ਅਸੈਸਮੈਂਟ ਲਈ ਸਹੂਲਤਾਂ ਦੀ ਆਗਿਆ ਦਿੱਤੀਆਂ ਜਾਂਦੀਆਂ ਹਨ ਜੋ EQAO ਨੇ ਦਿੱਤੀ ਹੋਈ ਹੈ ਅਤੇ ਜੋ ਕਲਾਸ ਰੂਮ ਮੁਲਾਂਕਣਾਂ ਅਤੇ ਬਾਕਾਇਦਾ ਪ੍ਰੈਕਟਿਸ ਦੇ ਅਨੁਕੂਲ ਹਨ। ਹੋਰ ਵਧੀਕ ਜਾਣਕਾਰੀ ਲਈ ਤੁਸੀਂ EQAO ਦੇ *ਰਿਹਾਇਸ਼, ਵਿਸ਼ੇਸ਼ ਪ੍ਰਬੰਧ ਅਤੇ ਛੋਟ ਲਈ ਗਾਈਡ (Guide for Accommodations, Special Provisions and Exemptions)* ਵੇਖ ਸਕਦੇ ਹੋ।

### 5. ਅੰਗਰੇਜ਼ੀ ਭਾਸ਼ਾ ਸਿੱਖ ਰਹੇ ਵਿਦਿਆਰਥੀਆਂ ਨੂੰ ਗ੍ਰੇਡ 3 ਦੇ ਅਸੈਸਮੈਂਟ ਲਈ ਕਿਸ ਤਰ੍ਹਾਂ ਸਹਾਇਤਾ ਮਿਲਦੀ ਹੈ?

ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ ਵਿਦਿਆਰਥੀਆਂ ਲਈ ਗ੍ਰੇਡ 3 ਵਾਸਤੇ ਉਹ ਵਿਸ਼ੇਸ਼ ਪ੍ਰਬੰਧ ਦੀ ਆਗਿਆ ਮਿਲਦੀ ਹੈ ਜਿਨ੍ਹਾਂ ਦੀ ਆਗਿਆ EQAO ਵੱਲੋਂ ਦਿੱਤੀ ਗਈ ਹੈ ਅਤੇ ਜੋ ਕਲਾਸ ਰੂਮ ਮੁਲਾਂਕਣਾਂ ਅਤੇ ਬਾਕਾਇਦਾ ਪ੍ਰੈਕਟਿਸ ਦੇ ਅਨੁਕੂਲ ਹਨ। ਹੋਰ ਵਧੀਕ ਜਾਣਕਾਰੀ ਲਈ ਤੁਸੀਂ EQAO ਦੇ *ਰਿਹਾਇਸ਼, ਵਿਸ਼ੇਸ਼ ਪ੍ਰਬੰਧ ਅਤੇ ਛੋਟ ਲਈ ਗਾਈਡ* ਨੂੰ ਵੇਖ ਸਕਦੇ ਹੋ।

### 6. ਕੀ ਛੋਟਾਂ ਦੇਣ ਦੀ ਆਗਿਆ ਹੈ?

ਕੁਝ ਨਿਸ਼ਚਿਤ ਮਾਮਲਿਆਂ ਵਿੱਚ, ਵਿਦਿਆਰਥੀਆਂ ਨੂੰ ਜੇ ਉਹ EQAO ਵੱਲੋਂ ਸਥਾਪਿਤ ਮਾਪਦੰਡ ਨੂੰ ਪੂਰਾ ਕਰਦੇ ਹੋਣ ਤਾਂ ਉਹਨਾਂ ਨੂੰ ਗ੍ਰੇਡ 3 ਦੇ ਅਸੈਸਮੈਂਟ ਲਿਖਣ ਤੋਂ ਛੋਟ ਮਿਲ ਜਾਂਦੀ ਹੈ।

ਸੂਬਾਈ ਟੈਸਟਾਂ ਵਿੱਚ ਕਿਸੇ ਵਿਦਿਆਰਥੀ ਦੀ ਸ਼ਮੂਲੀਅਤ ਅਤੇ ਛੋਟਾਂ ਅਤੇ ਵਿਸ਼ੇਸ਼ ਪ੍ਰਬੰਧ ਬਾਰੇ ਫੈਸਲੇ ਸਕੂਲ ਪੱਧਰ ਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਕੂਲ ਟੀਮ ਵੱਲੋਂ ਵਿਦਿਆਰਥੀ ਦੇ ਮਾਤਾ ਪਿਤਾ ਜਾਂ ਗਾਰਡੀਅਨ ਨਾਲ ਗੱਲਬਾਤ ਕਰਨ ਬਾਅਦ ਕੀਤੇ ਜਾਂਦੇ ਹਨ। ਹੋਰ ਵਧੀਕ ਜਾਣਕਾਰੀ ਲਈ ਤੁਸੀਂ EQAO ਦੇ *ਰਿਹਾਇਸ਼, ਵਿਸ਼ੇਸ਼ ਪ੍ਰਬੰਧ ਅਤੇ ਛੋਟ ਲਈ ਗਾਈਡ* ਨੂੰ ਵੇਖ ਸਕਦੇ ਹੋ।

### 7. ਗ੍ਰੇਡ 3 ਦਾ ਅਸੈਸਮੈਂਟ ਕਦੋਂ ਲਿਖਵਾਇਆ ਜਾਂਦਾ ਹੈ?

ਗ੍ਰੇਡ 3 ਦਾ ਅਸੈਸਮੈਂਟ ਦੋ ਹਫ਼ਤੇ ਦੇ ਸਮੇਂ ਦੌਰਾਨ ਲਿਖਿਆ ਜਾਂਦਾ ਹੈ, ਆਮ ਤੌਰ ਤੇ ਮਈ ਦੇ ਅਖ਼ੀਰ ਅਤੇ ਜੂਨ ਦੇ ਸ਼ੁਰੂ ਵਿੱਚ ਹੁੰਦਾ ਹੈ। ਟੈਸਟ ਦੀਆਂ ਤਾਰੀਖ਼ਾਂ ਅਤੇ ਸਮੇਂ ਬਾਰੇ ਹਰ ਸਕੂਲ ਦਾ ਆਪਣਾ ਫੈਸਲਾ ਹੁੰਦਾ ਹੈ ਅਤੇ ਇਹ ਨਿਸ਼ਚਿਤ ਅਸੈਸਮੈਂਟ ਪੀਰੀਅਡ ਦੌਰਾਨ ਹੀ ਹੁੰਦਾ ਹੈ।

## 8. ਗ੍ਰੇਡ 3 ਦਾ ਅਸੈਸਮੈਂਟ ਕਿਸ ਤਰ੍ਹਾਂ ਕਰਵਾਇਆ ਜਾਂਦਾ ਹੈ?

ਗ੍ਰੇਡ 3 ਦਾ ਅਸੈਸਮੈਂਟ ਇਕੋ ਨਿਸ਼ਚਿਤ ਸਮੇਂ ਦੌਰਾਨ ਪੂਰੇ ਸੂਬੇ ਵਿੱਚ ਓਨਟਾਰੀਉ ਦੇ ਸਿੱਖਿਆ ਸ਼ਾਸਤਰੀਆਂ ਵੱਲੋਂ ਕਰਵਾਇਆ ਜਾਂਦਾ ਹੈ, ਜਿਸ ਵਿੱਚ ਵਿਦਿਆਰਥੀਆਂ ਦੇ ਕਲਾਸ ਰੂਮ ਅਧਿਆਧਕ ਵੀ ਸ਼ਾਮਲ ਹੁੰਦੇ ਹਨ। ਵਿਦਿਆਰਥੀਆਂ ਨੂੰ ਅਸੈਸਮੈਂਟ ਦੇ ਛੇ ਸੈਕਸ਼ਨਾਂ ਦੇ ਹਰ ਹਿੱਸੇ ਨੂੰ ਪੂਰਾ ਕਰਨ ਲਈ ਲਗਭਗ ਇਕ ਘੰਟਾ ਦਿੱਤਾ ਜਾਂਦਾ ਹੈ। ਅਸੈਸਮੈਂਟ ਦੇ ਉਦਾਹਰਣਾਂ ਬਾਰੇ ਕਿਤਾਬਚੀਆਂ ਸਾਡੀ ਵੈਬਸਾਈਟ ਤੇ ਉਪਲਬਧ ਹਨ।

EQAO, ਸੂਬਾਈ ਅਸੈਸਮੈਂਟ ਪ੍ਰੋਗਰਾਮ ਨੂੰ ਆਨਲਾਈਨ ਤੇ ਲਿਆਉਣ ਲਈ ਇਕ ਬਹੁ-ਵਰਸ਼ੀ ਪ੍ਰੋਜੈਕਟ ਦੇ ਵਿਚਕਾਰ ਹੈ।

## 9. ਜੇ ਮੇਰਾ ਬੱਚਾ EQAO ਅਸੈਸਮੈਂਟ ਵਾਲੇ ਦਿਨ ਵਿੱਚ ਗੈਰ-ਹਾਜ਼ਰ ਹੋਵੇ, ਤਾਂ ਕੀ ਹੋਵੇਗਾ?

ਜੇ ਤੁਹਾਡਾ ਬੱਚਾ ਉਨ੍ਹਾਂ ਦਿਨਾਂ ਦੌਰਾਨ ਗੈਰਹਾਜ਼ਰ ਹੈ, ਜਦੋਂ ਗ੍ਰੇਡ 3 ਦਾ ਅਸੈਸਮੈਂਟ ਟੈਸਟ ਦਿੱਤਾ ਜਾਂਦਾ ਹੈ, ਤਾਂ ਸਕੂਲ ਇਹ ਇੰਤਜ਼ਾਮ ਕਰ ਸਕਦਾ ਹੈ, ਕਿ ਜਦੋਂ ਉਹ ਸਕੂਲ ਵਾਪਸ ਆਏ, ਉਹ ਅਸੈਸਮੈਂਟ ਲਿਖੇ, ਪਰ ਇਸ ਤਰ੍ਹਾਂ ਸਿਰਫ਼ ਅਸੈਸਮੈਂਟ ਦੇ ਦੋ ਹਫ਼ਤੇ ਦੇ ਨਿਸ਼ਚਿਤ ਸਮੇਂ ਦੌਰਾਨ ਹੀ ਕਰ ਸਕਦਾ ਹੈ। ਜੇ ਤੁਹਾਡਾ ਬੱਚਾ ਇਸ ਨਿਸ਼ਚਿਤ ਸਮੇਂ ਦੌਰਾਨ ਵੀ ਸਕੂਲ ਵਾਪਸ ਨਹੀਂ ਆਉਂਦਾ, ਤਾਂ ਉਸ ਨੂੰ ਅਸੈਸਮੈਂਟ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ।

ਜਿਨ੍ਹਾਂ ਵਿਦਿਆਰਥੀਆਂ ਨੂੰ ਅਸੈਸਮੈਂਟ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ, ਪਰ ਉਹ ਨਹੀਂ ਹੋਏ, ਨਤੀਜਿਆਂ ਦਾ ਐਲਾਨ ਕਰਨ ਸਮੇਂ ਉਨ੍ਹਾਂ ਦੇ ਨਾਮ ਵੀ ਸ਼ਾਮਲ ਹੁੰਦੇ ਹਨ। ਕਿਉਂਕਿ ਸਰਕਾਰੀ ਫੰਡ ਵਾਲਾ ਸਿੱਖਿਆ ਸਿਸਟਮ ਹਰ ਵਿਦਿਆਰਥੀ ਲਈ ਜਵਾਬਦੇਹ ਹੈ, ਇਸ ਲਈ EQAO ਨੂੰ ਹਰ ਵਿਦਿਆਰਥੀ ਬਾਰੇ ਰਿਪੋਰਟ ਦੇਣੀ ਹੁੰਦੀ ਹੈ। ਜੇ ਕਿਸੇ ਵਿਦਿਆਰਥੀ ਨੂੰ EQAO ਦੀਆਂ ਗਾਈਡਲਾਈਨਾਂ ਤਹਿਤ ਛੋਟ ਨਹੀਂ ਮਿਲੀ ਅਤੇ ਉਹ ਅਸੈਸਮੈਂਟ ਨਹੀਂ ਲਿਖਦਾ, ਤਾਂ ਉਸ ਨੂੰ ਗੈਰਹਾਜ਼ਰ ਮੰਨਿਆ ਜਾਏਗਾ ਅਤੇ EQAO ਦੀ ਰਿਪੋਰਟਿੰਗ ਵਿੱਚ ਉਸਦਾ ਕੋਈ ਡੈਟਾ ਸ਼ਾਮਲ ਨਹੀਂ ਕੀਤਾ ਜਾਏਗਾ।

## 10. ਮੇਰੇ ਬੱਚੇ ਨੂੰ ਅਸੈਸਮੈਂਟ ਦੀ ਤਿਆਰੀ ਕਿਵੇਂ ਕਰਨੀ ਚਾਹੀਦੀ ਹੈ?

ਜਦ ਕਿ ਗ੍ਰੇਡ 3 ਅਸੈਸਮੈਂਟ 100% *ਓਨਟਾਰੀਓ ਪਾਠਕ੍ਰਮ ਤੇ* ਆਧਾਰਿਤ ਹੈ, ਕਿਸੇ ਵਿਸ਼ੇਸ਼ ਤਿਆਰੀ ਕਰਨ ਦੀ ਜ਼ਰੂਰਤ ਨਹੀਂ। ਅਸੈਸਮੈਂਟ ਦੇ ਫਾਰਮੈਟ ਅਤੇ ਜਿਸ ਤਰ੍ਹਾਂ ਦੇ ਸਵਾਲ ਪੁੱਛੇ ਜਾਣਗੇ, ਤੋਂ ਜਾਣੂ ਹੋਣ ਲਈ, ਤੁਸੀਂ ਅਸੈਸਮੈਂਟ ਦੇ ਉਦਾਹਰਣਾਂ ਬਾਰੇ ਕਿਤਾਬਚੇ ਨੂੰ ਵੇਖ ਸਕਦੇ ਹੋ।

## 11. EQAO ਅਸੈਸਮੈਂਟ ਦੇ ਨੰਬਰ ਕਿਸ ਤਰ੍ਹਾਂ ਦਿੱਤੇ ਜਾਂਦੇ ਹਨ?

EQAO ਦੇ ਸਾਰੇ ਅਸੈਸਮੈਂਟ ਤੇ, ਬਹੁ-ਚੋਣ (ਮਲਟੀਪਲ-ਚੌਇਸ) ਦੇ ਸਾਰੇ ਜਵਾਬਾਂ ਦੇ ਨੰਬਰ ਮਸ਼ੀਨ ਵੱਲੋਂ ਲਾਏ ਜਾਂਦੇ ਹਨ। ਗ੍ਰੇਡ 3 ਦੇ ਅਸੈਸਮੈਂਟ ਵਿੱਚ ਚੋਣ ਦੇ ਜਵਾਬਾਂ ਤੇ ਅੰਕ ਓਨਟਾਰੀਉ ਦੇ ਉਹਨਾਂ ਅਧਿਆਪਕਾਂ ਦੁਆਰਾ ਦਿੱਤੇ ਹੁੰਦੇ ਹਨ, ਜਿਨ੍ਹਾਂ ਨੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ ਹੁੰਦੀ ਹੈ ਅਤੇ ਯੋਗਤਾ ਦਾ ਇਮਤਿਹਾਨ ਪਾਸ ਕੀਤਾ ਹੁੰਦਾ ਹੈ। ਇਹ ਵੀਡੀਓ ਕਿਸ ਤਰ੍ਹਾਂ EQAO ਟੈਸਟ ਬਣਾਇਆ, ਪ੍ਰਬੰਧਿਤ ਅਤੇ ਸਕੋਰ ਕੀਤਾ ਜਾਂਦਾ ਹੈ (How EQAO Tests Are Created, Administered and Scored) ਬਾਰੇ ਹੋਰ ਸਪਸ਼ਟ ਕਰਦਾ ਹੈ।

## 12. ਮੈਨੂੰ ਆਪਣੇ ਬੱਚੇ ਦੇ ਨਤੀਜੇ ਕਦੋਂ ਮਿਲਣਗੇ?

ਹਰ ਉਸ ਵਿਦਿਆਰਥੀ ਜਿਸਨੇ ਅਸੈਸਮੈਂਟ ਦਾ ਪਰਚਾ ਲਿਖਿਆ ਹੈ, ਉਸਨੂੰ ਵਿਅਕਤੀਗਤ ਵਿਦਿਆਰਥੀ ਰਿਪੋਰਟ (Individual Student Report – ISR) ਮਿਲੇਗੀ ਜਿਸ ਵਿੱਚ ਸਕੂਲ ਦੇ ਅਗਲੇ ਸਾਲ ਦੇ ਪਤਝੜ ਵਿੱਚ ਉਸਦੇ ਨਤੀਜਿਆਂ ਬਾਰੇ ਰੂਪ-ਰੇਖਾ ਹੋਵੇਗੀ। ਹੋਰ ਵੱਧ ਜਾਣਕਾਰੀ ਲਈ ਇਸ ISR ਨਮੂਨਾ ਨੂੰ ਵੇਖੋ।

EQAO ਦੇ ਸਾਰੇ ਅਸੈਸਮੈਂਟਾਂ ਦੇ ਸੂਬਾਈ ਨਤੀਜੇ ਵੀ ਅਸੈਸਮੈਂਟ ਤੋਂ ਬਾਅਦ ਦੀ ਪਤਝੜ ਵਿੱਚ ਰਿਪੋਰਟ ਕੀਤੇ ਜਾਂਦੇ ਹਨ। ਸਕੂਲ ਅਤੇ ਸਕੂਲ ਬੋਰਡ ਦੇ ਨਤੀਜੇ EQAO ਦੀ ਵੈਬਸਾਈਟ ਤੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ।

## 13. EQAO ਨਤੀਜੇ ਕਿਸ ਤਰ੍ਹਾਂ ਦੱਸੇ ਜਾਂਦੇ ਹਨ?

ਪ੍ਰਾਇਮਰੀ ਡਿਵੀਜ਼ਨ ਅਸੈਸਮੈਂਟ ਦੇ ਨਤੀਜੇ ਸੂਬੇ ਦੀਆਂ ਸਫ਼ਲਤਾ ਦੀਆਂ ਚਾਰ ਪੱਧਰਾਂ (ਲੈਵਲ) ਅਨੁਸਾਰ ਰਿਪੋਰਟ ਕੀਤੇ ਜਾਂਦੇ ਹਨ। ਇਹ ਸਫ਼ਲਤਾ ਦੀਆਂ ਉਹੀ ਚਾਰ ਪੱਧਰਾਂ ਨੇ ਜਿਨ੍ਹਾਂ ਨੂੰ ਅਧਿਆਪਕ ਕਲਾਸ ਰੂਮ ਵਿੱਚ ਅਤੇ ਵਿਦਿਆਰਥੀ ਦੀ ਸਫ਼ਲਤਾ ਦੱਸਣ ਲਈ ਰਿਪੋਰਟ ਕਾਰਡਾਂ ਲਈ ਇਸਤੇਮਾਲ ਕਰਦੇ ਹਨ। ਸੂਬੇ ਦਾ ਸਟੈਂਡਰਡ, ਲੈਵਲ 3 ਹੈ ਜੋ ਕਿ B– ਤੋਂ B+ ਰੈਂਜ ਵਿੱਚ ਸਫ਼ਲਤਾ ਨਾਲ ਮੇਲ ਖਾਂਦੀ ਹੈ।

ਮੁਲਾਂਕਣ ਤੇ ਮਿਆਰਾਂ ਨੂੰ ਪੂਰਾ ਕਰਨ ਜਾਂ ਉਸ ਤੋਂ ਵੱਧ (ਭਾਵ, ਪੱਧਰ 3 ਜਾਂ 4 ਪ੍ਰਾਪਤ ਕਰਨਾ) ਵਾਲੇ ਵਿਦਿਆਰਥੀਆਂ, ਆਪਣੇ ਸਿੱਖਿਆ ਦੇ ਮੌਜੂਦਾ ਪੜਾਅ ਦੀ ਸਥਿਤੀ ਤੇ ਜੋ ਉਨ੍ਹਾਂ ਤੋਂ ਉਮੀਦ ਰੱਖੀ ਜਾਂਦੀ ਸੀ ਉਸ ਤੋਂ ਵੱਧ ਜਾਂ ਸਾਰੇ ਗਿਆਨ ਅਤੇ ਮੁਹਾਰਤਾਂ ਨੂੰ ਵਿਖਾਇਆ ਹੈ। ਹੋਰ ਵੇਰਵੇ ਲਈ, ਕਿਰਪਾ ਕਰਕੇ ਆਪਣੇ ਬੱਚੇ ਦੇ ਨਤੀਜੇ ਨੂੰ ਸਮਝਣ ਲਈ ਇੱਕ ਮਾਤਾ-ਪਿਤਾ ਦੀ ਗਾਈਡ (A Parent's Guide to Understanding Your Child's Results) ਪੜ੍ਹੋ।

## 14. ਕੀ ਮੇਰੇ ਬੱਚੇ ਦੇ EQAO ਨਤੀਜਿਆਂ ਦੇ ਨੰਬਰ ਉਸਦੇ ਗਰੇਡਾਂ ਲਈ ਗਿਣੇ ਜਾਣਗੇ?

ਐਲੀਮੈਂਟਰੀ ਸਕੂਲ ਵਿੱਚ ਸੂਬਾਈ ਮੁਲਾਂਕਣ ਦੇ ਨਤੀਜਿਆਂ ਨੂੰ ਵਿਦਿਆਰਥੀਆਂ ਦੇ ਗਰੇਡਾਂ ਨੂੰ ਗਿਣਨ ਲਈ ਇਸਤੇਮਾਲ ਨਹੀਂ ਕੀਤਾ ਜਾਂਦਾ। ਰਿਪੋਰਟ ਕਾਰਡ ਦੇ ਗ੍ਰੇਡਾਂ ਤੇ ਵਿਚਾਰ ਕਰਨ ਲਈ ਹੋਰ ਵਾਧੂ ਜਾਣਕਾਰੀ ਉਪਲਬਧ ਕਰਦੇ ਹਨ ਜਿਸਦਾ ਵਿਦਿਆਰਥੀ ਦੇ ਗਿਆਨ ਦਾ ਮੁਲਾਂਕਣ ਕਰਨ ਵਿੱਚ ਸਹਾਇਤਾ ਲਈ ਅਤੇ ਇਹ ਨਿਸ਼ਚਿਤ ਕਰਨ ਲਈ ਕਿ ਹੋਰ ਕਿਹੋ ਜਿਹੀ ਸਹਾਇਤਾ ਦੀ ਜ਼ਰੂਰਤ ਹੈ।

## 15. ਕੀ ਨਤੀਜੇ ਵੈਧ ਅਤੇ ਭਰੋਸੇਯੋਗ ਹਨ?

ਹਾਂ। EQAO ਦਾ ਟੈਸਟਾਂ ਨੂੰ ਤਿਆਰ ਕਰਨ, ਨਿਗਰਾਨੀ ਕਰਨ ਅਤੇ ਗੁਣਵੱਤਾ ਦਾ ਭਰੋਸਾ ਕਾਇਮ ਕਰਨ ਦਾ ਅਮਲ, ਦੁਨੀਆਂ ਵਿੱਚ ਸਭ ਤੋਂ ਵਧੀਆ ਹੈ ਅਤੇ ਉਹ ਏਜੰਸੀ ਦੀ ਪ੍ਰਮਾਣਿਕਤਾ ਅਤੇ ਭਰੋਸੇਯੋਗਤਾ ਯਕੀਨੀ ਬਣਾਉਂਦੇ ਹਨ। EQAO ਅਸੈਸਮੈਂਟ ਦੇ ਹਰ ਪੜਾਅ ਤੇ ਟੈਸਟਾਂ ਦੇ ਪਰਚੇ ਬਣਾਉਣ ਤੋਂ ਅਧਿਆਪਕਾਂ ਦੇ ਨੰਬਰ ਦੇਣ ਅਤੇ ਨਤੀਜਿਆਂ ਨੂੰ ਦੱਸਣ ਤਕ, ਭਰੋਸੇਯੋਗਤਾ ਕਾਇਮ ਰੱਖਣ ਲਈ ਕਦਮ ਚੁੱਕੇ ਜਾਂਦੇ ਹਨ। EQAO ਆਪਣੇ ਡੈਟਾ ਦੀ ਈਮਾਨਦਾਰੀ ਨੂੰ ਸਭ ਤੋਂ ਵੱਧ ਮਹੱਤਤਾ ਦੇਂਦੀ ਹੈ।

## 16. ਮੈਂ ਆਪਣੇ ਬੱਚੇ ਦੇ EQAO ਦੇ ਨਤੀਜਿਆਂ ਨੂੰ ਉਸਦੀ ਪੜ੍ਹਾਈ ਵਿੱਚ ਸਹਾਇਤਾ ਕਰਨ ਲਈ ਕਿਸ ਤਰ੍ਹਾਂ ਇਸਤੇਮਾਲ ਕਰ ਸਕਦਾ ਹਾਂ?

ਜਦੋਂ ਕਿਸੇ ਵਿਦਿਆਰਥੀ ਦੇ ਗਿਆਨ ਦਾ ਮੁਲਾਂਕਣ ਕਰਨਾ ਹੋਵੇ, ਤਾਂ ਜਾਣਕਾਰੀ ਦੇ ਇਕ ਵਿਸ਼ਾਲ ਖੇਤਰ ਨੂੰ ਧਿਆਨ ਵਿੱਚ ਰੱਖਣਾ ਅਹਿਮ ਹੈ। EQAO ਨਤੀਜਿਆਂ ਦੀ ਆਪਣੇ ਬੱਚੇ ਦੇ ਉਸਦੇ ਰੋਜ਼ਾਨਾ ਦੇ ਕਲਾਸ ਰੂਮ ਵਿੱਚ ਕੀਤੇ ਕੰਮ ਅਤੇ ਹੋਰ ਇਮਤਿਹਾਨ ਦੇ ਨਤੀਜਿਆਂ ਅਤੇ ਇਸ ਸੰਬੰਧ ਵਿੱਚ ਹੋਰ ਜਾਣਕਾਰੀ ਦੇ ਨਾਲ ਰੱਖ ਕੇ ਸਮੀਖਿਆ ਕਰਨਾ ਚਾਹੀਦੀ ਹੈ, ਤਾਂ ਜੋ ਉਸਦੇ ਹਾਸਲ ਕੀਤੇ ਗਿਆਨ ਬਾਰੇ ਪਤਾ ਲਗੇ ਅਤੇ ਨਿਸ਼ਚਿਤ ਕੀਤਾ ਜਾ ਸਕੇ ਕਿ ਉਸਨੂੰ ਹੋਰ ਸਹਾਇਤਾ ਚਾਹੀਦੀ ਹੈ ਕਿ ਨਹੀਂ।

ਜਿਹੜੇ ਵਿਦਿਆਰਥੀ ਗ੍ਰੇਡ 3 ਦੇ ਸੂਬਾਈ ਸਟੈਂਡਰਡ ਨੂੰ ਪੂਰਾ ਨਹੀਂ ਕਰਦੇ ਉਨ੍ਹਾਂ ਲਈ ਅਧਿਆਪਿਕਾਂ ਅਤੇ ਉਹਨਾਂ ਦੇ ਮਾਤਾ ਪਿਤਾ ਲਈ ਇਕੱਠਿਆਂ ਬੈਠਕੇ ਇਹ ਵਿਚਾਰ ਵਟਾਂਦਰਾ ਕਰਨਾ ਵਿਸ਼ੇਸ਼ ਤੌਰ ਤੇ ਅਹਿਮ ਹੋ ਜਾਂਦਾ ਹੈ, ਕਿ ਬੱਚਿਆਂ ਦੀ ਪੜ੍ਹਾਈ ਵਿੱਚ ਆਈ ਕਮੀ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਏ। EQAO ਵੱਲੋਂ ਵਿਦਿਆਰਥੀਆਂ ਦੇ ਜੱਥਿਆਂ ਦਾ ਟਰੈਕ (ਪਿੱਛਾ) ਕਰਨ ਨਾਲ ਇਹ ਬਿਲਕੁਲ ਸਪਸ਼ਟ ਹੋ ਗਿਆ ਹੈ, ਕਿ ਜਿਹੜੇ ਵਿਦਿਆਰਥੀ ਮੁਢਲੇ ਗਰੇਡਾਂ ਵਿੱਚ ਸੂਬਾਈ ਸਟੈਂਡਰਡ ਤਕ ਨਹੀਂ ਪਹੁੰਚਦੇ, ਬਾਅਦ ਦੇ ਗਰੇਡਾਂ ਵਿੱਚ ਵੀ ਉਨ੍ਹਾਂ ਦਾ ਇਹ ਸੰਘਰਸ਼ ਜਾਰੀ ਰਹਿੰਦਾ ਹੈ।

## 17. ਮੇਰੇ ਬੱਚੇ ਦੇ ਸਕੂਲ ਦੇ ਨਤੀਜੇ ਮੈਨੂੰ ਕੀ ਦੱਸਦੇ ਹਨ?

ਸਕੂਲ ਦੇ ਨਤੀਜੇ ਤੁਹਾਨੂੰ ਇਹ ਦੱਸਦੇ ਹਨ ਕਿ ਤੁਹਾਡੇ ਸਕੂਲ ਦੇ ਵਿਦਿਆਰਥੀ ਸੂਬੇ ਦੇ ਹੋਰ ਸਕੂਲਾਂ ਅਤੇ ਸਕੂਲ ਬੋਰਡ ਦੇ ਵਿਦਿਆਰਥੀਆਂ ਦੇ ਮੁਕਾਬਲੇ ਵਿੱਚ ਕਿਸ ਲੈਵਲ ਤੇ ਹਨ। ਉਹ ਤੁਹਾਨੂੰ ਤੁਹਾਡੇ ਬੱਚੇ ਦੀ ਸਫ਼ਲਤਾ ਨੂੰ ਹੋਰ ਵਿਦਿਆਰਥੀਆਂ ਦੀ ਪ੍ਰਾਪਤੀਆਂ ਦੇ ਮੁਕਾਬਲੇ ਵਿੱਚ ਸਮਝਣ ਵਿੱਚ ਅਤੇ ਤੁਹਾਨੂੰ ਵਿਦਿਆਰਥੀਆਂ ਦੀ ਸਫ਼ਲਤਾ ਲਈ ਸਹਾਇਤਾ ਕਰਨ ਬਾਰੇ ਗੱਲਬਾਤ ਵਿੱਚ ਹਿੱਸਾ ਲੈਣ ਲਈ ਤਿਆਰ ਕਰਦੇ ਹਨ। ਇੱਥੇ ਆਪਣੇ ਸਕੂਲ ਦੇ ਨਤੀਜੇ ਵੇਖਣ ਸਮੇਂ ਪੁੱਛਣ ਲਈ ਛੇ ਸਵਾਲ (Six Questions to Ask When Looking at Your School’s Results) ਹਨ।

ਤੁਸੀਂ ਆਪਣੇ ਬੱਚੇ ਦੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ, ਆਪਣੇ ਬੱਚੇ ਦੇ ਸੂਕਲ ਵਿੱਚ ਪੜ੍ਹਾਈ ਦੇ ਪ੍ਰੋਗਰਾਮਾਂ ਨੂੰ ਹੋਰ ਮਜ਼ਬੂਤ ਕਰਨ ਲਈ EQAO ਨਤੀਜਿਆਂ ਦੀ ਅਹਿਮੀਅਤ ਬਾਰੇ ਗੱਲਬਾਤ ਕਰ ਸਕਦੇ ਹੋ। ਪੂਰੇ ਓਨਟਾਰੀਓ ਦੇ ਸਕੂਲ EQAO ਡੈਟਾ ਨੂੰ ਕਲਾਸ ਰੂਮ ਦੇ ਹੋਰ ਡੈਟਾ, ਜਿਵੇਂ ਕਿ ਰਿਪੋਰਟ ਕਾਰਡ ਗ੍ਰੇਡ, ਹਾਜ਼ਰੀ ਦਰ ਅਤੇ ਸਾਰੀ ਸੰਬੰਧਿਤ ਜਾਣਕਾਰੀ ਨੂੰ ਵਿਦਿਆਰਥੀਆਂ ਦੀ ਹੋਰ ਵੱਧ ਬਿਹਤਰੀ ਦੀਆਂ ਯੋਜਨਾਵਾਂ ਤਿਆਰ ਕਰਨ ਲਈ ਇਸਤੇਮਾਲ ਕਰਦੇ ਹਨ।

## 18. ਜੇ ਮੇਰਾ ਬੱਚਾ ਮੁਲਾਂਕਣ ਵਿੱਚ ਅਸਫਲ ਰਿਹਾ, ਤਾਂ ਕੀ ਹੋਏਗਾ?

ਅਧਿਆਪਕਾਂ ਅਤੇ ਮਾਤਾ-ਪਿਤਾ ਲਈ ਉਨ੍ਹਾਂ ਵਿਦਿਆਰਥੀਆਂ, ਜੋ ਪੜ੍ਹਾਈ, ਲਿਖਾਈ ਜਾਂ ਹਿਸਾਬ ਵਿੱਚ ਸੂਬਾਈ ਸਟੈਂਡਰਡ ਤਕ ਨਹੀਂ ਪਹੁੰਚਦੇ, ਦੇ ਨਤੀਜਿਆਂ ਬਾਰੇ ਅਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਆਈ ਕਮੀ ਨੂੰ ਪੂਰਾ ਕਰਨ ਲਈ ਇਕੱਠਿਆਂ ਬੈਠ ਕੇ ਵਿਚਾਰ ਕਰਨਾ ਅਹਿਮ ਹੈ। ਪ੍ਰਾਇਮਰੀ ਡਿਵੀਜ਼ਨ ਅਸੈਸਮੈਂਟ ਦੇ ਨਤੀਜਿਆਂ ਨੂੰ ਵਿਦਿਆਰਥੀਆਂ ਦੇ ਗਰੇਡਾਂ ਲਈ ਨਹੀਂ ਜੋੜਿਆ ਜਾਂਦਾ।

## 19. ਓਨਟਾਰੀਓ ਨੂੰ ਸੂਬੇ ਭਰ ਦੇ ਮੁਲਾਂਕਣਾਂ ਦੀ ਕਿਉਂ ਜ਼ਰੂਰਤ ਹੈ?

EQAO ਨਤੀਜੇ ਓਨਟਾਰੀਓ ਦੇ ਸਿੱਖਿਆ ਸਿਸਟਮ ਦੀ ਜਵਾਬਦੇਹੀ ਨੂੰ ਮੁਲਾਂਕਣ ਕਰਨ ਦਾ ਇਕ ਅਹਿਮ ਪੈਮਾਨਾ ਹਨ, ਅਤੇ ਵਿਦਿਆਰਥੀਆਂ, ਸਕੂਲ, ਸਕੂਲ ਬੋਰਡ ਅਤੇ ਸੂਬਾਈ ਪੱਧਰ ਤੇ ਬਿਹਤਰੀ ਦੀਆਂ ਯੋਜਨਾਵਾਂ ਬਣਾਉਣ ਲਈ ਇਕ ਮਹੱਤਵਪੂਰਣ ਸਾਧਨ ਹਨ। ਜਿਹੜਾ ਸਕੂਲ ਸਿਸਟਮ ਨਿਰੰਤਰ ਬਿਹਤਰੀ ਕਰਨ ਬਾਰੇ ਗੰਭੀਰ ਹੋਵੇ, ਉਸ ਲਈ ਪੂਰੇ ਸਿਸਟਮ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਵਿਸ਼ਾਲ ਜਾਣਕਾਰੀ, ਜੋ ਨਿਰਪੱਖ ਅਤੇ ਭਰੋਸੇਯੋਗ ਹੋਵੇ, ਹੋਣੀ ਜ਼ਰੂਰੀ ਹੈ। ਅਸੈਸਮੈਂਟ ਦੇ ਨਤੀਜਿਆਂ ਤੋਂ ਉਹਨਾਂ ਖੇਤਰਾਂ ਦਾ ਪਤਾ ਲਗਦਾ ਹੈ, ਜਿੱਥੇ ਵਿਦਿਆਰਥੀਆਂ ਨੂੰ ਹੋਰ ਵਧੀਕ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ। ਸਿੱਖਿਆ ਸ਼ਾਸਤਰੀ, ਸਕੂਲ, ਬੋਰਡ ਅਤੇ ਸੂਬੇ ਇਸ ਡੈਟਾ ਨੂੰ ਪੜ੍ਹਾਉਣ ਅਤੇ ਵਿਦਿਆ ਹਾਸਲ ਕਰਨ ਦੇ ਟੀਚੇ ਪੂਰਾ ਕਰਨ ਲਈ ਇਸਤੇਮਾਲ ਕਰਦੇ ਹਨ।